# ਮਿਤੀ 23-11-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:226<br>ਮਿਤੀ:23-11-22<br>ਜੁਰਮ:406,420, 120ਬੀ, ਆਈ.ਪੀ.ਸੀ ਤੇ 24, ਇਮੀਗ੍ਰੇਸਨ ਐਕਟ | ਤੇਜਿੰਦਰ ਸਿੰਘ ਪੁੱਤਰ ਮਨਮੋਹਣ ਸਿੰਘ ਵਾਸੀ ਮਕਾਨ ਨੰ:2240, ਪਹਿਲੀ ਮੰਜਿਲ, ਮੰਦਰ ਵਾਲੀ ਗਲੀ, ਵੈਸਟ ਪਟੇਲ ਨਗਰ, ਨਵੀ ਦਿੱਲੀ 99996-62493 | 1) ਹਰਪ੍ਰੀਤ ਕੌਰ ਨਿੱਝਰ ਪੁੱਤਰੀ ਸਵਰਨ ਸਿੰਘ ਵਾਸੀ ਮਕਾਨ ਨੰ: 103, ਬਲਾਕ-ਐਨ, ਜਲਵਾਯੂ ਟਾਵਰ, ਸੈਕ:125, ਖਰੜ<br>2) ਗੁਰਦੀਪ ਸਿੰਘ ਸੰਧੂ ਪੁੱਤਰ ਹਰਵਿੰਦਰ ਸਿੰਘ ਵਾਸੀ ਗਲੀ ਨ: 06, ਦਸਮੇਸ਼ ਕਲੋਨੀ, ਸੈਕ: 25ਏ, ਮੰਡੀ ਗੋਬਿੰਦਗੜ੍ਹ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 4838/ਐਸ/ਅਸ ਐਸ ਪੀ/ਐਸ ਏ ਐਸ ਨਗਰ ਮਿਤੀ 12-05-22 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਉਕਤਾਨ ਦੋਸ਼ੀਆਨ ਨੇ ਫੇਸ-02, ਮੋਹਾਲੀ ਵਿਖੇ ਇਮੀਗ੍ਰੇਸ਼ਨ ਦਫਤਰ ਖੋਲਿਆ ਹੋਇਆ ਹੈ। ਮੈ ਆਪਣੀ ਲੜਕੀ ਹਨੀਸ਼ਾ ਨੋਟਾ ਨੂੰ ਵਿਦੇਸ਼ ਭੇਜਣ ਲਈ ਉਕਤਾਨ ਦੋਸ਼ੀਆਨ ਨੂੰ 20 ਲੱਖ ਰੁਪਏ ਦਿੱਤੇ ਸਨ। ਬਾਅਦ ਵਿੱਚ ਉਕਤਾਨ ਦੋਸ਼ੀਆਨ ਨੇ ਨਾ ਹੀ ਮੇਰੀ ਲੜਕੀ ਨੂੰ ਵਿਦੇਸ਼ ਭੇਜਿਆ ਤੇ ਨਾ ਹੀ ਮੇਰੇ ਪੈਸ ਵਾਪਸ ਕੀਤੇ। ਇਸ ਤਰ੍ਹਾ ਉਕਤਾਨ ਦੋਸ਼ੀਆਨ ਨੇ ਰੱਲ ਕੇ ਮੇਰੇ ਨਾਲ 20 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਿਸ ਦੀ ਪੜਤਾਲ ਡੀ ਐਸ ਪੀ (ਹੈੱਡਕੁਆਟਰ) ਸਾਹਿਬ ਵੱਲੋ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 2 | ਮੁਕੱਦਮਾ ਨੰ:227<br>ਮਿਤੀ:23-11-22<br>ਜੁਰਮ:61-1-14, ਐਕਸਾਇਜ ਐਕਟ<br>ਥਾਣਾ:- ਫੇਸ-1 | ਸ:ਥ:ਕ੍ਰਿਸ਼ਨ ਚੰਦ 84278-30088 | ਅਮਰਜੀਤ ਕੁਮਾਰ ਪੁੱਤਰ ਦਿਨੇਸ਼ ਸ਼ਰਮਾਂ ਹਾਲ ਵਾਸੀ ਪਿੰਡ ਬੜ੍ਹ ਮਾਜਰਾ, ਥਾਣਾ ਬਲੌਂਗੀ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਢੋਲਾ ਵਾਲਾ ਚੌਂਕ, ਫੇਸ-1, ਮੋਹਾਲੀ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਸ਼ਰਾਬ ਵੇਚਣ ਦਾ ਆਦੀ ਹੈ। ਜੋ ਚੰਡੀਗੜ੍ਹ ਤੋ ਸਸਤੀ ਸਰਾਬ ਲਿਆ ਕੇ ਪਿੰਡ ਬੜ੍ਹਮਾਜਰਾ, ਥਾਣਾ ਬਲੌਂਗੀ ਵਿੱਚ ਮਹਿੰਗੇ ਭਾਅ ਵੇਚਦਾ ਹੈ। ਉਕਤ ਦੋਸ਼ੀ ਅੱਜ ਵੀ ਚੰਡੀਗੜ੍ਹ ਤੋ ਆਪਣੇ ਆਟੋ ਨੰ:ਪੀ ਬੀ-65ਏਡਬਲਯੂ-2567 ਵਿੱਚ ਸ਼ਰਾਬ ਲੈ ਕੇ ਪਿੰਡ ਬੜ੍ਹਮਾਜਰਾ ਵੱਲ ਨੂੰ ਆ ਰਿਹਾ ਹੈ। ਜੇਕਰ ਹੁਣੇ ਹੋ ਨਾਕਾਬੰਦੀ ਕੀਤੀ ਜਾਵੇ ਤਾਂ ਉਕਤ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਨਾਕਾਬੰਦੀ ਕਰਕੇ ਉਕਤ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਸ ਦੇ ਆਟੋ ਵਿੱਚ 24 ਬੋਤਲਾਂ ਸ਼ਰਾਬ ਮਾਰਕਾ ਰਾਜਧਾਨੀ ਟ੍ਰਿਪਲ ਐਕਸ ਰਮ ਫਾਰ ਸੇਲ ਇੰਨ ਚੰਡੀਗੜ੍ਹ ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤ ਦੋਸ਼ੀ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕਿਆ। ਜਿਸ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 3 | ਮੁਕੱਦਮਾ ਨੰ:492<br>ਮਿਤੀ:23-11-22<br>ਜੁਰਮ:279,304ਏ, ਆਈ.ਪੀ.ਸੀ<br>ਥਾਣਾ:- ਸੋਹਾਣਾਂ | ਗੁਲਸ਼ਨ ਕੁਮਾਰ ਪੁੱਤਰ ਬ੍ਰਹਮਾ ਜੀ ਹਾਲ ਵਾਸੀ ਪਿੰਡ ਮੋਹੀ, ਥਾਣਾ ਬਨੂੰੜ | ਨਾ-ਮਾਲੂਮ ਡਰਾਈਵਰ ਤੇ ਕਾਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਮਿਹਨਤ ਮਜਦੂਰੀ ਦਾ ਕੰਮ ਕਰਦਾ ਹਾਂ। ਮਿਤੀ 12-11-22 ਨੂੰ ਮੈ ਤੇ ਮੇਰਾ ਭਰਾ ਧੀਰਜ ਜਿਸ ਦੀ ਉਮਰ ਕਰੀਬ 15 ਸਾਲ ਸੀ ਦੋਨੋ ਜਣੇ ਆਪਣੇ ਕੰਮ ਦੇ ਸਬੰਧ ਵਿੱਚ ਪਿੰਡ ਤੰਗੋਰੀ ਵਿਖੇ ਆਏ ਸਨ। ਜਦੋ ਸ਼ਾਮ ਨੂੰ ਅਸੀ ਵਾਪਸ ਘਰ ਜਾਣ ਲਈ ਪਿੰਡ ਤੰਗੋਰੀ ਵਿਖੇ ਖੜ੍ਹ ਕੇ ਕਿਸੇ ਵਹੀਕਲ ਦਾ ਇੰਤਜਾਰ ਕਰ ਰਹੇ ਸਨ। ਤਾਂ ਬਨੂੰੜ ਸਾਈਡ ਇਕ ਕਾਰ ਆਈ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਭਰਾ ਧੀਰਜ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਕਾਰ ਤੇਜ ਹੋਣ ਕਾਰਨ ਮੈ ਕਾਰ ਦਾ ਨੰਬਰ ਨਹੀ ਪੜ੍ਹ ਸਕਿਆ। ਜਿਸ ਕਾਰਨ ਮੇਰਾ ਭਰਾ ਸੜਕ ਤੇ ਡਿੱਗ ਪਿਆ ਤੇ ਉਸ ਦੇ ਕਾਫੀ ਸੱਟਾਂ ਲੱਗੀਆ। ਜਿਸ ਨੂੰ ਮੈ ਇਲਾਜ ਲਈ ਜੀ ਐਮ ਸੀ ਹਸਪਤਾਲ ਸੈਕ:32, ਚੰਡੀਗੜ੍ਹ ਵਿਖੇ ਦਾਖਲ ਕਰਵਾਇਆ ਸੀ। ਜਿੱਥੇ ਮਿਤੀ 22-11-22 ਨੂੰ ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਸ ਨਾ-ਮਾਲੂਮ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 4 | ਮੁਕੱਦਮਾ ਨੰ:340<br>ਮਿਤੀ:23-11-22<br>ਜੁਰਮ:20-61-85, ਐਨ.ਡੀ.ਪੀ.ਐਸ ਐਕਟ<br>ਥਾਣਾ:- ਸਿਟੀ ਖਰੜ | ਸ:ਥ:ਚਰਨ ਸਿੰਘ 79861-00583 | ਨਿਸ਼ਾ ਪਤਨੀ ਮੰਗਾ ਵਾਸੀ ਬੰਗਾਲਾ ਬਸਤੀ ਨੇੜੇ ਪੈਟਰੋਲ ਪੰਪ, ਮੁੰਡੀ ਖਰੜ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪੈਟਰੋਲ ਪੰਪ ਮੁੰਡੀ ਖਰੜ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ਣ ਗਾਂਜਾ ਵੇਚਣ ਦੀ ਆਦੀ ਹੈ। ਜੋ ਭਾਰੀ ਮਾਤਰਾ ਵਿੱਚ ਗਾਂਜਾ ਲਿਆ ਕੇ ਖਰੜ ਏਰੀਏ ਵਿੱਚ ਵੇਚਦੀ ਹੈ। ਜੋ ਕਿ ਅੱਜ ਵੀ ਬੰਗਾਲਾ ਬਸਤੀ ਨੇੜੇ ਮੁੰਡੀ ਖਰੜ ਵਿਖੇ ਗਾਂਜਾ ਵੇਚ ਰਹੀ ਹੈ। ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਉਕਤ ਦੋਸ਼ਣ ਨੂੰ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਰੇਡ ਕਰਕੇ ਉਕਤ ਦੋਸ਼ਣ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਸ ਪਾਸੋ 300 ਗ੍ਰਾਮ ਗਾਂਜਾ ਬਰਾਮਦ ਹੋਇਆ। ਜਿਸ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |

| | | | | |
|---|---|---|---|---|
| 5 | ਮੁਕੱਦਮਾ ਨੰ:235<br>ਮਿਤੀ:23-11-22<br>ਜੁਰਮ:379,<br>ਆਈ.ਪੀ.ਸੀ<br>ਥਾਣਾ:- ਸਦਰ ਖਰੜ | ਏਕਤਾ ਵਾਲੀਆ ਪੁੱਤਰੀ ਰਮੇਸ਼ ਵਾਲੀਆ ਵਾਸੀ ਮਕਾਨ ਨੰ: 1137/ਸੀ, ਫਸਟ ਫਲੌਰ, ਜੇ ਟੀ ਪੀ ਐਲ ਸਿਟੀ, ਸੈਕ: 115, ਖਰੜ<br>77172-13773 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 17-11-22 ਦੀ ਰਾਤ ਨੂੰ ਮੈ ਆਪਣੀ ਕਾਰ ਨੰ:ਸੀ ਐਚ-01ਬੀਡੀ-2567 ਆਪਣੇ ਫਲੈਟ ਦੀ ਪਾਰਕਿੰਗ ਵਿੱਚ ਖੜ੍ਹੀ ਕੀਤੀ ਸੀ। ਜਦੋ ਸਵੇਰੇ ਉੱਠ ਕੇ ਦੇਖਿਆ ਤਾਂ ਮੇਰੀ ਕਾਰ ਆਪਣੀ ਜਗ੍ਹਾ ਪਰ ਨਹੀ ਸੀ। ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਆਪਣੇ ਤੌਰ ਤੇ ਹੁਣ ਤੱਕ ਭਾਲ ਕਰਦਾ ਰਿਹਾ ਪਰ ਨਹੀ ਮਿਲੀ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ:76<br>ਮਿਤੀ:23-11-22<br>ਜੁਰਮ:323,452,34,<br>ਆਈ.ਪੀ.ਸੀ<br>ਥਾਣਾ:-ਬਲਾਕ ਮਾਜਰੀ | ਰਾਏ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਕੁੱਬਾਹੇੜ੍ਹੀ, ਥਾਣਾ ਬਲਾਕ ਮਾਜਰੀ<br>84270-33209 | 1) ਗੁਰਤੇਗ ਸਿੰਘ ਪੁੱਤਰ ਗੁਰਦੇਵ ਸਿੰਘ<br>2) ਮਨਦੀਪ ਸਿੰਘ<br>3) ਬੱਬੂ ਪੁੱਤਰਾਨ ਲਾਭ ਸਿੰਘ<br>4) ਸੰਤ ਸਰੂਪ ਉਰਫ ਲਾਡੀ ਪੁੱਤਰ ਪ੍ਰਗਟ ਸਿੰਘ ਵਾਸੀਆਨ ਪਿੰਡ ਕੁੱਬਾਹੇੜ੍ਹੀ, ਥਾਣਾ ਬਲਾਕ ਮਾਜਰੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 06-11-22 ਨੂੰ ਵਕਤ ਕਰੀਬ 08:40 ਪੀ ਐਮ ਦਾ ਹੋਵੇਗਾ ਮੈ ਆਪਣੇ ਘਰ ਹਾਜਰ ਸੀ। ਤਾਂ ਉਕਤਾਨ ਦੋਸ਼ੀਆਨ ਮੇਰੇ ਘਰ ਆਏ ਤੇ ਉਹ ਮੈਨੂੰ ਤੇ ਮੇਰੇ ਭਰਾ ਰਵੀਤੇਜ ਸਿੰਘ ਨੂੰ ਬਿਨ੍ਹਾ ਕਿਸੇ ਗੱਲ ਤੋ ਸਾਨੂੰ ਗਾਲ੍ਹਾ ਕੱਢਣ ਲੱਗ ਪਏ। ਜਦੋ ਅਸੀ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹਨਾਂ ਨੇ ਰੱਲ ਕੇ ਸਾਡੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਮੈ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਮੌਕੇ ਤੋ ਫਰਾਰ ਹੋ ਗਏ। ਹੁਣ ਪੜਤਾਲ ਪੂਰੀ ਹੋਣ ਤੋ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ |
| ,, | ਮੁਕੱਦਮਾ ਨੰ:76<br>ਮਿਤੀ:23-11-22<br>ਜੁਰਮ:323,341,506,<br>34, ਆਈ.ਪੀ.ਸੀ<br>ਥਾਣਾ:- ਬਲਾਕ ਮਾਜਰੀ | ਸੰਤ ਸਰੂਪ ਉਰਫ ਲਾਡੀ ਪੁੱਤਰ ਪ੍ਰਗਟ ਸਿੰਘ ਵਾਸੀ ਪਿੰਡ ਕੁੱਬਾਹੇੜ੍ਹੀ, ਥਾਣਾ ਬਲਾਕ ਮਾਜਰੀ<br>97794-92391 | 1) ਰਾਏ ਸਿੰਘ<br>2) ਰਵੀਤੇਜ ਸਿੰਘ ਪੁੱਤਰਾਨ ਗੁਰਦੀਪ ਸਿੰਘ ਵਾਸੀਆਨ ਪਿੰਡ ਕੁੱਬਾਹੇੜ੍ਹੀ, ਥਾਣਾ ਬਲਾਕ ਮਾਜਰੀ<br>3) ਗੁਰਜੰਟ ਸਿੰਘ ਉਰਫ ਗੋਲਡੀ ਪੁੱਤਰ ਸੱਜਣ ਸਿੰਘ ਵਾਸੀ ਪਿੰਡ ਮੀਆਪੁਰ ਚੰਗਰ, ਥਾਣਾ ਬਲਾਕ ਮਾਜਰੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 06-11-22 ਨੂੰ ਵਕਤ ਕਰੀਬ 08:40 ਪੀ ਐਮ ਦਾ ਹੋਵੇਗਾ ਮੈ ਆਪਣੇ ਘਰ ਦੇ ਸਾਹਮਣੇ ਖੜ੍ਹਾ ਸੀ। ਤਾਂ ਉਕਤਾਨ ਦੋਸ਼ੀਆਨ ਮੈਨੂੰ ਉੱਥੇ ਘੇਰ ਲਿਆ ਤੇ ਉਹ ਮੈਨੂੰ ਬਿਨ੍ਹਾ ਕਿਸੇ ਗੱਲ ਤੋ ਸਾਨੂੰ ਗਾਲ੍ਹਾ ਕੱਢਣ ਲੱਗ ਪਏ। ਜਦੋ ਮੈ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹਨਾਂ ਨੇ ਰੱਲ ਕੇ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਮੈ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ। ਹੁਣ ਪੜਤਾਲ ਪੂਰੀ ਹੋਣ ਤੋ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 7 | ਮੁਕੱਦਮਾ ਨੰ:124<br>ਮਿਤੀ:23-11-22<br>ਜੁਰਮ:379,<br>ਆਈ.ਪੀ.ਸੀ<br>ਥਾਣਾ:- ਮੁੱਲਾਂਪੁਰ | ਮਨਮੋਹਨ ਨੰਦਾ ਪੁੱਤਰ ਸਤਿੰਦਰਪਾਲ ਨੰਦਾ ਵਾਸੀ ਫਲੈਟ ਨੰ:745, ਟਾਵਰ ਨੰ:05, ਐਸ ਬੀ ਪੀ ਹੋਮਜ, ਨੌਰਥ ਵੈਲੀ, ਖਰੜ<br>83609-35885 | ਨਾ-ਮਾਲੂਮ ਵਿਅਕਤੀ/ ਵਿਅਕਤੀਆ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਪ੍ਰਾਈਵੇਟ ਕੰਪਨੀ ਸਿੰਗਲਾ ਕੰਨਟ੍ਰੈਕਸ਼ਨ ਲਿਮਟਿਡ ਵਿੱਚ ਬਤੌਰ ਪ੍ਰੋਜੈਕਟ ਮੈਨੇਜਰ ਕੰਮ ਕਰਦਾ ਹਾਂ। ਹੁਣ ਸਾਡੀ ਕੰਪਨੀ ਦਾ ਪਿੰਡ ਸੈਣੀ ਮਾਜਰਾ ਨੇੜੇ ਪੁੱਲ ਬਣਾਉਂਣ ਦਾ ਕੰਮ ਚੱਲ ਰਿਹਾ ਹੈ। ਮਿਤੀ 19/20-10-22 ਦੀ ਦਰਮਿਆਨੀ ਰਾਤ ਨੂੰ ਕਿਸੇ ਨਾ-ਮਾਲੂਮ ਵਿਅਕਤੀ/ਵਿਅਕਤੀਆ ਨੇ ਸਾਡੀ ਸਾਈਡ ਤੋ ਲੋਹੇ ਦੀਆ 114 ਪਲੇਟਾ ਚੋਰੀ ਕਰ ਲਈਆ। ਜਿਹਨਾਂ ਦੀ ਅਸੀ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦੇ ਰਹ ਪਰ ਉਹ ਨਹੀ ਮਿੱਲੇ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ/ਵਿਅਕਤੀਆ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 8 | ਮੁਕੱਦਮਾ ਨੰ:467<br>ਮਿਤੀ:23-11-22<br>ਜੁਰਮ:356,<br>ਆਈ.ਪੀ.ਸੀ<br>ਥਾਣਾ:-ਜੀਰਕਪੁਰ | ਸੁਰੇਸ਼ ਦੇਵੀ ਪਤਨੀ ਜੁਗਲ ਕਿਸ਼ੋਰ ਵਾਸੀ ਮਕਾਨ ਨੰ:27ਏ, ਸੈਕ:14, ਪੰਚਕੂਲਾਂ, ਹਰਿਆਣਾ<br>62848-86839 | 1) ਕਰਮਜੀਤ<br>2) ਸੀਬੋ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਕੱਲ ਮਿਤੀ 22-11-22 ਨੂੰ ਵਕਤ ਕਰੀਬ 12:30 ਪੀ ਐਮ ਦਾ ਹੋਵੇਗਾ ਮੈ ਆਪਣੇ ਘਰ ਜਾਣ ਲਈ ਬੱਸ ਸਟੈਂਡ ਨੇੜੇ ਸਿੰਘਪੁਰਾ ਚੌਂਕ, ਜੀਰਕਪੁਰ ਵਿਖੇ ਖੜ੍ਹ ਕੇ ਬੱਸ ਦੀ ਉਡੀਕ ਕਰ ਰਹੀ ਸੀ। ਤਾਂ ਉੱਥੇ ਦੋ ਔਰਤਾ ਖੜ੍ਹੀਆ ਸਨ ਜੋ ਇਕ ਦੂਜੀ ਨੂੰ ਕਰਮਜੀਤ ਤੇ ਸੀਬੋ ਕਹਿ ਕੇ ਬੁੱਲਾ ਰਹੀਆ ਸਨ। ਜਦੋ ਬੱਸ ਆਈ ਤਾਂ ਉਹ ਦੋਨੋ ਔਰਤਾ ਇਕਦਮ ਮੇਰੇ ਕੋਲ ਆਈਆ ਤੇ ਮੇਰੇ ਅੱਗੇ ਪਿੱਛੇ ਖੜ੍ਹ ਗਈਆ। ਜਿਹਨਾਂ ਨੇ ਮੈਨੂੰ ਵਿਚਾਲੇ ਜਕੜ ਲਿਆ ਤੇ ਬਾਅਦ ਵਿੱਚ ਮੇਰ ਗਲੇ ਵਿੱਚ ਪਾਈ ਹੋਈ 03 ਤੋਲੇ ਦੀ ਸੋਨੇ ਦੀ ਚੈਨੀ ਚੋਰੀ ਕਰਨ ਦੀ ਨੀਯਤ ਨਾਲ ਝਪਟ ਮਾਰ ਕੇ ਖੋਹ ਕੇ ਲੈ ਗਈਆ। ਮੈ ਕਾਫੀ ਰੌਲਾ ਪਾਇਆ ਪਰ ਉਹ ਕਾਬੂ ਨਹੀ ਆਈਆ। ਬਾਅਦ ਵਿੱਚ ਮੈ ਉਹਨਾਂ ਦੇ ਖਿਲਾਫ ਮੈ ਹੁਣ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 9 | ਮੁਕੱਦਮਾ ਨੰ:469<br>ਮਿਤੀ:23-11-22<br>ਜੁਰਮ:323,341,506,<br>ਆਈ.ਪੀ.ਸੀ<br>ਥਾਣਾ:-ਜੀਰਕਪੁਰ | ਨਿਸ਼ਾ ਸ਼ਰਮਾਂ ਪਤਨੀ ਮੁਨੀਸ਼ ਕੁਮਾਰ ਵਾਸੀ ਪਿੰਡ ਬੱਸੀਆ ਰਾਏਕੋਟ, ਲੁਧਿਆਣਾ<br>99140-73497 | 1) ਮਨਜੀਤ ਸਿੰਘ 3/ ਆਈ ਆਰ ਬੀ<br>2) ਗੁਰਪ੍ਰੀਤ ਸਿੰਘ 3/ ਆਈ ਆਰ ਬੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਘਰਵਾਲਾ ਮੁਨੀਸ਼ ਕੁਮਾਰ ਪੁੱਤਰ ਹਰੀਸ਼ ਕੁਮਾਰ 3/ਆਈ ਆਰ ਬੀ ਵਿੱਚ ਲੁਧਿਆਣਾ ਵਿਖੇ ਬਤੌਰ ਸੀਨੀਅਰ ਸਿਪਾਹੀ ਨੌਕਰੀ ਕਰਦਾ ਹੈ। ਮਿਤੀ 01-11-22 ਨੂੰ ਮੇਰਾ ਘਰਵਾਲਾ ਮੁਨੀਸ਼ ਕੁਮਾਰ ਆਪਣੀ ਬਟਾਲੀਅਨ ਦੇ ਹੋਰ ਮੁਲਾਜਮਾ ਨਾਲ ਜੀਰਕਪੁਰ ਵਿਖੇ ਡਿਊਟੀ ਤੇ ਆਇਆ ਸੀ। ਜੋ ਆਪਣੇ ਸਾਥੀ ਉਕਤ ਦੋਸ਼ੀ ਮਨਜੀਤ ਸਿੰਘ 3/ਆਈ ਆਰ ਬੀ ਤੇ ਗੁਰਪ੍ਰੀਤ ਸਿੰਘ 3/ਆਈ ਆਰ ਬੀ ਨਾਲ ਮਿਲਕੇ ਹੋਟਲ ਰੋਇਲ ਪਲਾਜਾ, ਜੀਰਕਪੁਰ ਵਿਖੇ ਕਮਰਾ ਕਿਰਾਏ ਪਰ ਲੈ ਕੇ ਰਹਿ ਰਿਹਾ ਸੀ। ਤਾਂ ਮਿਤੀ 04-11-22 ਦੀ ਰਾਤ ਨੂੰ ਉੱਥੇ ਉਕਤਾਨ ਦੋਸ਼ੀਆਨ ਨੇ ਰੱਲ ਕੇ ਮੇਰੇ ਘਰ ਵਾਲੇ ਦੀ ਕੁੱਟਮਾਰ ਕੀਤੀ ਤੇ ਉਸ ਨੂੰ ਜਾਨੋ ਮਾਰਨ ਦੀਆ ਧਮਕੀਆ ਵੀ ਦਿੱਤੀਆ। ਜਿਹਨਾਂ ਨੇ ਮੇਰੇ ਘਰਵਾਲੇ ਦੇ ਕਾਫੀ ਗੁੱਝੀਆ ਸੱਟਾਂ ਮਾਰੀਆ ਹਨ। ਮੈ ਹੁਣ ਤੱਕ ਆਪਣੇ ਘਰਵਾਲੇ ਦਾ ਇਲਾਜ ਕਰਵਾ ਰਹੀ ਹਾਂ। ਜਿਸ ਤੇ ਹੁਣ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 10 | ਮੁਕੱਦਮਾ ਨੰ:470<br>ਮਿਤੀ:23-11-22<br>ਜੁਰਮ:323,341,452,<br>506,ਆਈ.ਪੀ.ਸੀ<br>ਥਾਣਾ:- ਜੀਰਕਪੁਰ | ਸੁਬੇਸ ਤ੍ਰਿਪਾਠੀ ਪੁੱਤਰ ਸ਼੍ਰੀ ਨਰੋਤੱਮ ਪ੍ਰਸ਼ਾਦ ਤ੍ਰਿਪਾਠੀ ਵਾਸੀ ਫਲੈਟ ਨੰ:188/ਸੀ, ਪਲਾਟੀਨਮ ਹੋਮਜ, ਸਨੌਲੀ, ਥਾਣਾ ਜੀਰਕਪੁਰ | 1) ਅਮਿਤ ਪੁੱਤਰ ਉਮ ਪ੍ਰਕਾਸ਼<br>2) ਸਰਗਮ ਪਤਨੀ ਅਮਿਤ<br>3) ਉਮ ਪ੍ਰਕਾਸ਼<br>4) ਅਮਿਤ ਦੀ ਮਾਤਾ ਵਾਸੀਆਨ ਫਲੈਟ ਨੰ:187/ਸੀ, ਪਲਾਟੀਨਮ ਹੋਮਜ, ਸਨੌਲੀ, ਥਾਣਾ ਜੀਰਕਪੁਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 17-11-22 ਨੂੰ ਵਕਤ ਕਰੀਬ 09:00 ਏ ਐਮ ਦਾ ਹੋਵੇਗਾ ਮੈ ਆਪਣੇ ਫਲੈਟ ਵਿੱਚ ਹਾਜਰ ਸੀ। ਤਾਂ ਉਕਤਾਨ ਦੋਸ਼ੀਆਨ ਮੇਰੇ ਫਲੈਟ ਅੰਦਰ ਆਏ ਤੇ ਉਹ ਮੈਨੂੰ ਬਿਨ੍ਹਾ ਕਿਸੇ ਗੱਲ ਤੋ ਗਾਲ੍ਹਾ ਕੱਢਣ ਲੱਗ ਪਏ। ਜਦੋ ਮੈ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹਨਾਂ ਨੇ ਰੱਲ ਕੇ ਮੇਰੀ ਤੇ ਮੇਰੀ ਘਰਵਾਲੀ ਅਰਚਨਾ ਤ੍ਰਿਪਾਠੀ ਤੇ ਮੇਰੀ ਲੜਕੀ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਅਸੀ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ। ਜਿਹਨਾਂ ਨਾਲ ਮੇਰੀ ਹੁਣ ਤੱਕ ਰਾਜੀਨਾਮੇ ਦੀ ਗੱਲ ਚੱਲਦੀ ਰਹੀ ਪਰ ਸਿਰੇ ਨਹੀ ਚੜ੍ਹ ਸਕੀ। ਜਿਸ ਤੇ ਹੁਣ ਮੈ ਉਕਤਾਨ ਦਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 11 | ਮੁਕੱਦਮਾ ਨੰ:370<br>ਮਿਤੀ:23-11-22<br>ਜੁਰਮ:22-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ:- ਡੇਰਾਬੱਸੀ | ਐਸ ਆਈ:ਨਰਿੰਦਰ ਕੁਮਾਰ<br>80546-01101 | ਕੁਲਵੰਤ ਸਿੰਘ ਉਰਫ ਕੰਤਾ ਪੁੱਤਰ ਕਰਤਾਰ ਸਿੰਘ ਵਾਸੀ ਨੇੜੇ ਸਿਵਲ ਹਸਪਤਾਲ, ਬਾਬਾ ਜੀਵਨ ਸਿੰਘ ਬਸਤੀ, ਪੱਟੀ, ਜਿਲ੍ਹਾ ਤਰਨਤਾਰਨ | ਅੱਜ ਮਨ ਐਸ ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਬੱਸ ਸਟੈਂਡ ਡੇਰਾਬੱਸੀ ਵਿਖੇ ਮੌਜੂਦ ਸੀ। ਤਾਂ ਉਕਤ ਦੋਸ਼ੀ ਲਾਲੜੂ ਸਾਈਡ ਤੋ ਪੈਦਲ ਆਉਂਦਾ ਦਿਖਾਈ ਦਿੱਤਾ। ਜਿਸ ਨੇ ਇਕ ਬੈਗ ਚੁੱਕਿਆ ਹੋਇਆ ਸੀ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤ ਪਿੱਛੇ ਮੁੜਨ ਲੱਗਾ ਜਿਸ ਨੂੰ ਮਨ ਐਸ ਆਈ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਸ ਤੇ ਬੈਗ ਦੀ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਲਈ ਗਈ। ਜਿਸ ਵਿੱਚੋ ਕੁੱਲ 10,800 ਨਸ਼ੀਲੀਆ ਗੋਲੀਆ ਮਾਰਕਾ ਅਲਪਰਾਨੋਫ ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤ ਦੋਸ਼ੀ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕਿਆ। ਜਿਸ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |